**ਵਿਸ਼ਾ – ਪੰਜਾਬੀ** **ਜਮਾਤ – ਨੌਵੀਂ / ਦਸਵੀਂ**

**ਪੰਜਾਬ ਰੋਡਵੇਜ ( ਪੀ.ਆਰ.ਟੀ.ਸੀ.) ਦੇ ਡੀਪੂ ਮੈਨੇਜਰ ਨੂੰ ਆਪਣੇ ਪਿੰਡ ਜਾਂ ਸ਼ਹਿਰ ਤਕ ਬਸ ਸੇਵਾ ਨਿਯਮਤ ਬਣਾਉਣ ਲਈ ਬੇਨਤੀ ਪੱਤਰ।**

ਸੇਵਾ ਵਿਖੇ,

ਮੈਨੇਜਰ ਸਾਹਿਬ,

ਪੰਜਾਬ ਰੋਡਵੇਜ਼ (ਪੀ.ਆਰ.ਟੀ.ਸੀ.),

ਫਾਜ਼ਿਲਕਾ , ਪੰਜਾਬ।

**ਵਿਸ਼ਾ- ਪਿੰਡ ਜਾਂ ਸ਼ਹਿਰ ਤਕ ਬਸ ਸੇਵਾ ਨਿਯਮਤ ਰੱਖਣ ਬਾਰੇ।**

**ਸ੍ਰੀ ਮਾਨ ਜੀ,**

**ਬੇਨਤੀ ਹੈ ਕਿ ਅਬੋਹਰ ਤੋਂ ਸਾਡੇ ਪਿੰਡ ਨੂੰ ਤਿੰਨ ਵਾਰ ਲੋਕਲ ਬਸ ਜਾਂਦੀ ਹੈ।ਪਰ ਇਸਦੇ ਪਿੰਡ ਪਹੁੰਚਣ ਤੇ ਪਿੰਡੋਂ ਚੱਲਣ ਦੇ ਸਮਿਆਂ ਵਿੱਚ ਬੜੀ ਬੇਕਾਇਦਗੀ ਹੈ।ਬਸ ਦਾ ਸਵੇਰੇ ਸਾਡੇ ਪਿੰਡੋਂ ਚੱਲਣ ਦਾ ਸਮਾਂ ਸਵੇਰੇ ਅੱਠ ਵਜੇ ਹੈ ਪਰ ਕੰਡਕਟਰ ਤੇ ਡਰਾਈਵਰ ਜੋ ਕਿ ਨੇੜੇ ਦੇ ਪਿੰਡਾਂ ਤੋਂ ਹੀ ਆਉਂਦੇ ਹਨ,ਕਦੇ ਵੀ ਸਮੇਂ ਸਿਰ ਬਸ ਲੈ ਕੇ ਨਹੀਂ ਤੁਰਦੇ , ਜਿਸ ਕਰਕੇ ਡਿਊਟੀ ਤੇ ਪੁੱਜਣ ਵਾਲੇ ਮੁਲਾਜਮਾਂ ਤੇ ਸਕੂਲ ਦੇ ਵਿਦਿਆਰਥੀਆਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰਾਂ ਜਦੋ ਉਹ ਦੁਪਹਿਰ ਨੂੰ ਬੱਸ ਲੈ ਕੇ ਜਾਂਦੇ ਸਨ ਉਦੋਂ ਵੀ ਬਸ ਦਾ ਠੀਕ ਸਮਾਂ ਲੰਘਾ ਦੇਂਦੇ ਹਨ।**

ਇਸਦੇ ਨਾਲ ਵੀ ਸ਼ਾਮ ਦੇ ਸਮੇਂ ਕਦੇ ਵੀ ਇਹ ਬਸ  ਸਵਾਰੀਆਂ ਨੂੰ ਠੀਕ ਸਮੇਂ ਲੈ ਕੇ ਪਿੰਡ ਨਹੀਂ ਪਹੁੰਚੀ। ਦੂਸਰੇ ਇਸ ਬਸ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਹੈ ।ਇਸ ਦੀਆਂ ਬਹੁਤ ਸਾਰੀਆਂ ਸੀਟਾਂ ਅਤੇ ਬਾਰੀਆਂ ਟੁੱਟੀਆਂ ਹੋਈਆਂ ਹਨ।ਬਸ ਦਾ ਟਾਇਰ ਵੀ ਹਰ ਚੋਥੇ ਦਿਨ ਪੈਂਚਰ ਹੋ ਜਾਂਦਾ ਹੈ।ਇੰਨ੍ਹਾਂ ਸਾਰੀਆਂ ਸਮੱਸਿਆਵਾਂ ਕਾਰਣ ਪਿੰਡ ਦੇ ਲੋਕਾਂ ਨੂੰ ਬਹੁਤ ਹੀ ਔਖਾ ਹੋਣਾ ਪੈ ਰਿਹਾ ਹੈ।

ਆਪਜੀ ਨੂੰ ਬੇਨਤੀ ਹੈ ਕਿ ਤੁਸੀਂ ਸਾਡੇ ਪਿੰਡ ਤਕ ਦੀ ਬੱਸ ਸੇਵਾ ਨੂੰ ਸੁਧਾਰਨ ਲਈ ਤੁਰੰਤ ਧਿਆਨ ਦਿਉਂਗੇ।

ਧੰਨਵਾਦ ਸਹਿਤ ।

ਆਪਜੀ ਦੇ ਵਿਸ਼ਵਾਸਪਾਤਰ,

ਤਰਸੇਮ ਸਿੰਘ ਸਰਪੰਚ (ਬਾਜ਼ੀਦ ਪੁਰ ਭੋਮਾ)

ਅਬੋਹਰ , ਜਿਲਾ – ਫਾਜ਼ਿਲਕਾ

ਮਿਤੀ – 5 ਸਤੰਬਰ 2020

